WCAT Workers' Compensation Appeal Tribunal



# ਰਿਵੀਉ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ

## ਇਮਪਲੌਏਅਰ ਦੀ ਗਾਈਡ

# Appealing a Review Division Decision

## Employer's Guide

WCAT Workers' Compensation Appeal Tribunal

ਇਮਪਲੌਏਅਰ (ਕੰਮ-ਮਾਲਕ) ਵਜੋਂ, ਤੁਸੀਂ ਰਿਵੀਊ ਡਿਵੀਜ਼ਨ ਦੇ ਬਹੁਤੇ ਫੈਸਲਿਆਂ ਖਿਲਾਫ, ਵਰਕਰਜ਼' ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਵਿਖੇ ਸਾਡੇ ਕੋਲ ਅਪੀਲ ਕਰ ਸਕਦੇ ਹੋ। ਇਹ ਗਾਈਡ ਤੁਹਾਨੂੰ ਦੱਸਦੀ ਹੈ ਕਿ ਤੁਸੀਂ ਇਸ ਤਰ੍ਹਾਂ ਕਿਵੇਂ ਕਰਨਾ ਹੈ।

## ਮੈਂ ਰਿਵੀਊ ਡਿਵੀਜ਼ਨ ਦੇ ਕਿਸ ਕਿਸਮ ਦੇ ਫੈਸਲਿਆਂ ਦੀ ਡਬਲਯੂ ਸੀ ਏ ਟੀ ਕੋਲ ਅਪੀਲ ਕਰ ਸਕਦਾ/ ਸਕਦੀ ਹਾਂ?

ਤੁਸੀਂ ਰਿਵੀਊ ਡਿਵੀਜ਼ਨ ਦੇ ਬਹੁਤੇ ਫੈਸਲਿਆਂ ਦੀ ਸਾਡੇ ਕੋਲ ਅਪੀਲ ਕਰ ਸਕਦੇ ਹੋ। ਇਹ ਜ਼ਰੂਰੀ ਹੈ ਕਿ ਸਾਨੂੰ ਤੁਹਾਡੀ ਅਪੀਲ, ਰਿਵੀਊ ਡਿਵੀਜ਼ਨ ਦੇ ਫੈਸਲੇ ਦੀ ਤਾਰੀਖ ਤੋਂ ਬਾਅਦ **30 ਦਿਨਾਂ** ਦੇ ਵਿਚ ਵਿਚ ਮਿਲ ਜਾਵੇ।

***ਨੋਟ: ਅਸੀਂ ਕਿਸੇ ਵੀ ਉਸ ਮਸਲੇ ਜਾਂ ਸਵਾਲ ਬਾਰੇ ਫੈਸਲਾ ਨਹੀਂ ਕਰ ਸਕਦੇ ਜਿਹੜਾ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਦੇ ਫੈਸਲੇ ਵਿਚ ਸ਼ਾਮਲ ਨਹੀਂ ਸੀ। ਜੇ ਤੁਸੀਂ ਕਿਸੇ ਨਵੀਂ ਚੀਜ਼ ਬਾਰੇ ਫੈਸਲਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਲਈ ਵਰਕਸੇਫ ਬੀ ਸੀ ਨੂੰ ਕਹਿਣਾ ਪਵੇਗਾ।***

ਕੁਝ ਆਮ ਉਦਾਹਰਣਾਂ ਨਾਲ ਫੈਸਲਿਆਂ ਦੀਆਂ ਤਿੰਨ ਸ਼੍ਰੇਣੀਆਂ ਇਹ ਹਨ:

### *1. ਮੁਆਵਜ਼ੇ ਬਾਰੇ ਫੈਸਲੇ*

- ਕੀ ਕਿਸੇ ਵਰਕਰ ਦੇ ਕੰਮ 'ਤੇ ਸੱਟ ਲੱਗੀ ਸੀ ਜਾਂ ਨਹੀਂ
- ਕੀ ਵਰਕਰ ਨੂੰ ਆਪਣੇ ਕੰਮ ਕਾਰਨ ਕੋਈ ਬੀਮਾਰੀ ਲੱਗੀ ਹੈ
- ਵਰਕਰ ਨੂੰ ਥੋੜ੍ਹੇ ਸਮੇਂ ਦੀ ਡਿਸਏਬਿਲਟੀ ਬੈਨੇਫਿਟ ਕਿੰਨਾ ਸਮਾਂ ਮਿਲਣੇ ਚਾਹੀਦੇ ਹਨ
- ਵਰਕਸੇਫ ਬੀ ਸੀ ਨੇ ਵਰਕਰ ਦੀ ਔਸਤ ਆਮਦਨ ਜਾਂ ਤਨਖਾਹ ਦੇ ਰੇਟ ਦਾ ਹਿਸਾਬ ਕਿਸ ਤਰ੍ਹਾਂ ਲਗਾਇਆ ਹੈ
- ਪੱਕੀ ਡਿਸਏਬਿਲਟੀ ਦੇ ਬਹੁਤੇ ਫੈਸਲੇ
- ਕੀ ਵਰਕਸੇਫ ਬੀ ਸੀ ਨੂੰ ਕਿਸੇ ਵਰਕਰ ਦੇ ਕਲੇਮ ਨੂੰ ਮੁੜ ਕੇ ਖੋਲ੍ਹਣਾ ਚਾਹੀਦਾ ਹੈ

### *2. ਅਸੈੱਸਮੈਂਟ ਬਾਰੇ ਫੈਸਲੇ*

- ਕੀ ਤੁਹਾਨੂੰ ਵਰਕਰਜ਼ ਕੰਪਨਸੇਸ਼ਨ ਐਕਟ (ਐਕਟ) ਦੇ ਸੈਕਸ਼ਨ 39(1)(ਈ) ਅਧੀਨ ਕਿਸੇ ਕਲੇਮ ਦੇ ਸਾਰੇ ਖਰਚੇ ਜਾਂ ਖਰਚਿਆਂ ਦੇ ਕੁਝ ਹਿੱਸੇ ਤੋਂ ਰਾਹਤ ਮਿਲਣੀ ਚਾਹੀਦੀ ਹੈ ਕਿਉਂਕਿ ਵਰਕਰ ਦੀ ਬੀਮਾਰੀ, ਸਮੱਸਿਆ ਜਾਂ ਡਿਸਏਬਿਲਟੀ (ਅਪਾਹਜਤਾ) ਪਹਿਲਾਂ ਤੋਂ ਹੀ ਮੌਜੂਦ ਸੀ ਜਿਸ ਨੇ ਉਸ ਦੀ ਮੁਆਵਜ਼ਾਯੋਗ ਡਿਸਏਬਿਲਟੀ ਵਿਚ ਵਾਧਾ ਕੀਤਾ ਹੈ
- ਤੁਹਾਡਾ ਅਸੈੱਸਮੈਂਟ ਕਲਾਸੀਫੀਕੇਸ਼ਨ ਯੂਨਿਟ
- ਤੁਹਾਡੀ ਅਸੈੱਸ ਕਰਨ ਯੋਗ ਪੇਅਰੋਲ ਦੀ ਰਕਮ
- ਕੀ ਤੁਹਾਨੂੰ ਐਕਟ ਦੇ ਸੈਕਸ਼ਨ 47(2) ਅਧੀਨ ਕਿਸੇ ਕਲੇਮ ਦੇ ਖਰਚੇ ਦੇਣੇ ਪੈਣੇ ਹਨ ਕਿਉਂਕਿ ਤੁਸੀਂ ਲੋੜੀਂਦੀ ਜਾਣਕਾਰੀ ਵਰਕਸੇਫ ਬੀ ਸੀ ਨੂੰ ਨਹੀਂ ਭੇਜੀ ਜਾਂ ਅਸੈੱਸਮੈਂਟ ਨਹੀਂ ਦਿੱਤੀ
- ਐਕਟ ਦੇ ਸੈਕਸ਼ਨ 42 ਅਧੀਨ ਤੁਹਾਡੀ ਕਲੇਮ ਐਕਸਪੀਰੀਐਂਸ ਰੇਟਿੰਗ
- ਕੀ ਐਕਟ ਦੇ ਸੈਕਸ਼ਨ 10(8) ਅਧੀਨ ਕਿਸੇ ਹੋਰ ਇਮਪਲੌਏਅਰ ਨੂੰ ਕਲੇਮ ਦੇ ਖਰਚੇ ਦੇਣੇ ਚਾਹੀਦੇ ਹਨ

### *3. ਕਿੱਤੇ 'ਤੇ ਸਿਹਤ ਅਤੇ ਸੁਰੱਖਿਆ (ਰੋਕਥਾਮ) ਬਾਰੇ ਫੈਸਲੇ*

- ਉਹ ਆਰਡਰ ਜਿਸ 'ਤੇ ਵਰਕਸੇਫ ਬੀ ਸੀ ਨੇ ਕਿੱਤੇ 'ਤੇ ਸਿਹਤ ਅਤੇ ਸੁਰੱਖਿਆ (ਆਕੂਪੇਸ਼ਨਲ ਹੈਲਥ ਐਂਡ ਸੇਫਟੀ) ਦੀ ਕਿਸੇ ਉਲੰਘਣਾ ਲਈ ਜੁਰਮਾਨਾ ਠੋਕਣ ਲਈ ਨਿਰਭਰ ਕੀਤਾ ਹੈ (ਐਕਟ ਦਾ ਸੈਕਸ਼ਨ 196(1) ਦੇਖੋ)
- ਕਿੱਤੇ ਨਾਲ ਸੰਬੰਧਿਤ ਸਿਹਤ ਅਤੇ ਸੁਰੱਖਿਆ (ਆਕੂਪੇਸ਼ਨਲ ਹੈਲਥ ਐਂਡ ਸੇਫਟੀ) ਦੀ ਕਿਸੇ ਉਲੰਘਣਾ ਲਈ ਜੁਰਮਾਨਾ
- ਉਦੋਂ ਤੁਹਾਡੇ ਤੋਂ ਕਲੇਮ ਦੇ ਖਰਚੇ ਲੈਣ ਦਾ ਫੈਸਲਾ ਜਦੋਂ ਕਿਸੇ ਵਰਕਰ ਦੇ ਸੱਟ ਲੱਗੀ ਸੀ, ਵਰਕਰ ਦੀ ਮੌਤ ਹੋ ਗਈ ਸੀ ਜਾਂ ਕੋਈ ਵਰਕਰ ਇਨ੍ਹਾਂ ਵਿੱਚੋਂ ਕਿਸੇ ਵੀ ਹਾਲਤਾਂ ਅਧੀਨ ਕੰਮ 'ਤੇ ਲੱਗੀ ਬੀਮਾਰੀ ਕਾਰਨ ਅਪਾਹਜ ਹੋ ਗਿਆ ਸੀ:
  - ਤੁਸੀਂ ਬਹੁਤ ਲਾਪਰਵਾਹੀ ਵਰਤੀ ਸੀ
  - ਤੁਸੀਂ ਸੱਟਾਂ, ਮੌਤਾਂ ਜਾਂ ਕੰਮ 'ਤੇ ਲੱਗਣ ਵਾਲੀਆਂ ਬੀਮਾਰੀਆਂ ਤੋਂ ਰੋਕਥਾਮ ਕਰਨ ਲਈ ਵਾਜਬ ਢੰਗ ਨਹੀਂ ਅਪਣਾਏ
  - ਤੁਸੀਂ ਵਰਕਸੇਫ ਬੀ ਸੀ ਦੇ ਆਰਡਰਾਂ ਜਾਂ ਹਿਦਾਇਤਾਂ ਦੀ ਪਾਲਣਾ ਨਹੀਂ ਕੀਤੀ

  (ਐਕਟ ਦਾ ਸੈਕਸ਼ਨ 73(1) ਦੇਖੋ)

- ਅੱਗੇ ਲਿਖੇ ਸਰਟੀਫਿਕੇਟਾਂ ਵਿੱਚੋਂ ਇਕ ਨੂੰ ਕੈਂਸਲ ਜਾਂ ਰੱਦ ਕਰਨ ਦਾ ਆਰਡਰ:
  - ਆਕੂਪੇਸ਼ਨਲ ਫਸਟ ਏਡ ਅਟੈਨਡੈਂਟ ਜਾਂ ਇਨਸਟਰੱਕਟਰ ਦਾ ਸਰਟੀਫਿਕੇਟ
  - ਕਿਸੇ ਖਾਸ ਕਿਸਮ ਦੇ ਕੰਮ ਨੂੰ ਕਰਨ ਲਈ ਕਿਸੇ ਵਰਕਰ ਦੀ ਸਮਰੱਥਾ ਦਾ ਡਾਕਟਰੀ ਸਰਟੀਫਿਕੇਟ
  - ਬਲਾਸਟਰ ਜਾਂ ਬਲਾਸਟਿੰਗ ਇਨਸਟਰੱਕਟਰ ਦਾ ਸਰਟੀਫਿਕੇਟ

  (ਐਕਟ ਦਾ ਸੈਕਸ਼ਨ 195 ਦੇਖੋ)

## ਕਿਹੜੀਆਂ ਗੱਲਾਂ ਦੀ ਮੈਂ ਅਪੀਲ ਨਹੀਂ ਕਰ ਸਕਦਾ/ ਸਕਦੀ?

ਤੁਸੀਂ ਰਿਵੀਊ ਡਿਵੀਜ਼ਨ ਦੇ ਕੁਝ ਫੈਸਲਿਆਂ ਵਿਰੁੱਧ ਸਾਡੇ ਕੋਲ ਅਪੀਲ ਨਹੀਂ ਕਰ ਸਕਦੇ। ਜਿਨ੍ਹਾਂ ਫੈਸਲਿਆਂ ਵਿਰੁੱਧ ਤੁਸੀਂ ਅਪੀਲ ਨਹੀਂ ਕਰ ਸਕਦੇ ਉਨ੍ਹਾਂ ਦੀਆਂ ਕੁਝ ਆਮ ਉਦਾਹਰਣਾਂ ਇਹ ਹਨ:

- ਵੋਕੇਸ਼ਨਲ ਰੀਹੈਬਲੀਟੇਸ਼ਨ (ਮੁੜ ਕਿੱਤੇ ’ਤੇ ਲਾਉਣ) ਲਈ ਸਹਾਇਤਾ ਨਾਲ ਸੰਬੰਧਿਤ ਫੈਸਲਾ
- ਇਸ ਚੀਜ਼ ਬਾਰੇ ਫੈਸਲਾ ਕਿ ਕਿਸੇ ਫੈਸਲੇ ਨੂੰ ਮੁੜ ਕੇ ਵਰਕਸੇਫ ਬੀ ਸੀ ਕੋਲ ਵਾਪਸ ਭੇਜਣਾ ਹੈ ਕਿ ਨਹੀਂ
- ਰਿਵੀਊ ਡਿਵੀਜ਼ਨ ਕੋਲ ਤੁਹਾਡਾ ਰਿਵੀਊ ਦਰਜ ਕਰਵਾਉਣ ਲਈ ਹੋਰ ਸਮਾਂ ਨਾ ਦਿੱਤੇ ਜਾਣ ਬਾਰੇ ਫੈਸਲਾ
- ਰਿਵੀਊ ਡਿਵੀਜ਼ਨ ਦੇ ਕਿਸੇ ਅਧਿਕਾਰੀ ਨੇ ਤੁਹਾਡੇ ਰਿਵੀਊ ’ਤੇ ਕਾਰਵਾਈ ਕਿਸ ਤਰੀਕੇ ਨਾਲ ਕੀਤੀ ਹੈ
- ਪੱਕੀ ਡਿਸਏਬਿਲਟੀ ਲਈ ਉੱਕੀ-ਪੁੱਕੀ ਰਕਮ ਲੈਣ ਲਈ ਬੇਨਤੀ (ਘਾਟਾ ਪੂਰਾ ਕਰਨ ਲਈ ਰਕਮ)
- ਤੁਹਾਡਾ ਅਸੈੱਸਮੈਂਟ ਰੇਟ ਗਰੁੱਪ ਜਾਂ ਇੰਡਸਟਰੀ ਗਰੁੱਪ
- ਐਕਟ ਦੇ ਹਿੱਸਾ 3 ਅਧੀਨ ਆਰਡਰਾਂ ਨਾਲ ਸੰਬੰਧਿਤ ਹੋਰ ਫੈਸਲੇ ਜਿਨ੍ਹਾਂ ’ਤੇ ਐਕਟ ਦੇ ਸੈਕਸ਼ਨ 196(1) ਅਧੀਨ ਕੋਈ ਜੁਰਮਾਨਾ ਠੋਸਣ ਲਈ ਨਿਰਭਰ ਨਹੀਂ ਕੀਤਾ ਗਿਆ
- ਆਕੂਪੇਸ਼ਨਲ ਫਸਟ ਏਡ ਅਟੈਨਡੈਂਟ ਜਾਂ ਇਨਸਟਰੱਕਟਰ ਦੇ ਸਰਟੀਫਿਕੇਟ, ਕਿਸੇ ਖਾਸ ਕਿਸਮ ਦੇ ਕੰਮ ਨੂੰ ਕਰਨ ਲਈ ਕਿਸੇ ਵਰਕਰ ਦੀ ਸਮਰੱਥਾ, ਜਾਂ ਕਿਸੇ ਬਲਾਸਟਰ ਜਾਂ ਬਲਾਸਟਿੰਗ ਇਨਸਟਰੱਕਟਰ ’ਤੇ ਲੱਗੀਆਂ ਸ਼ਰਤਾਂ

## ਡਬਲਯੂ ਸੀ ਏ ਟੀ ਅੱਗੇ ਮੇਰੀ ਅਪੀਲ ਵਿਚ ਕੌਣ ਹਿੱਸਾ ਲੈ ਸਕਦਾ ਹੈ?

### 1. ਹਿੱਸਾ ਲੈ ਰਿਹਾ ਉੱਤਰਦਾਇਕ

ਹਿੱਸਾ ਲੈ ਰਹੇ ਉੱਤਰਦਾਇਕ (ਰਿਸਪੌਨਡੈਂਟ) ਨੂੰ ਅਪੀਲ ਦਾ ਪੂਰੀ ਤਰ੍ਹਾਂ ਜਵਾਬ ਦੇਣ ਦਾ ਹੱਕ ਹੈ, ਜਿਸ ਵਿਚ ਵਰਕਸੇਫ ਬੀ ਸੀ ਦੀ ਫਾਇਲ ਲੈਣਾ, ਸਬੂਤ ਦੇਣਾ, ਸੁਣਵਾਈ ਵਿਖੇ ਗਵਾਹਾਂ ਨੂੰ ਸਵਾਲ ਪੁੱਛਣਾ, ਅਤੇ ਜ਼ਬਾਨੀ ਜਾਂ ਲਿਖਤੀ ਦਲੀਲਾਂ ਦੇਣਾ ਸ਼ਾਮਲ ਹਨ।

ਹਿੱਸਾ ਲੈਣ ਵਾਲੇ ਉੱਤਰਦਾਇਕਾਂ ਦੀਆਂ ਕੁਝ ਉਦਾਹਰਣਾਂ ਇਹ ਹਨ:

- ਮੁਆਵਜ਼ੇ ਦੀਆਂ ਅਪੀਲਾਂ ’ਤੇ ਵਰਕਰ ਜਾਂ ਮ੍ਰਿਤਕ ਵਰਕਰ ’ਤੇ ਨਿਰਭਰ ਲੋਕ
- ਕੋਈ ਸਪਲਾਇਰ, ਮਾਲਕ, ਯੂਨੀਅਨ ਦਾ ਪ੍ਰਤੀਨਿਧ, ਜਾਂ ਕਿੱਤੇ ’ਤੇ ਸਿਹਤ ਅਤੇ ਸੁਰੱਖਿਆ (ਆਕੂਪੇਸ਼ਨਲ ਹੈਲਥ ਐਂਡ ਸੇਫਟੀ) ਨਾਲ ਸੰਬੰਧਿਤ ਅਪੀਲਾਂ ’ਤੇ ਮ੍ਰਿਤਕ ਵਰਕਰ ਦੇ ਪਰਿਵਾਰ ਦਾ ਕੋਈ ਮੈਂਬਰ
- ਇਮਪਲੌਏਅਰ ਦੀ ਕਲਾਸੀਫੀਕੇਸ਼ਨ ਅਤੇ ਖਰਚੇ ਦੀ ਤਬਦੀਲੀ ਵਰਗੀਆਂ ਅਸੈੱਸਮੈਂਟ ਦੀਆਂ ਹੋਰ ਅਪੀਲਾਂ ’ਤੇ ਕੋਈ ਹੋਰ ਇਮਪਲੌਏਅਰ ਜਾਂ ਇਮਪਲੌਏਅਰਾਂ ਦਾ ਗਰੁੱਪ

### 2. ਹਿੱਸਾ ਲੈ ਰਿਹਾ ਕੋਈ ਵਿਅਕਤੀ ਜਾਂ ਨੁਮਾਇੰਦਗੀ ਗਰੁੱਪ

- ਖਰਚਿਆਂ ਤੋਂ ਰਾਹਤ ਜਾਂ ਖਰਚਿਆਂ ਦੀ ਤਬਦੀਲੀ ਦੀ ਮੰਗ ਕਰਦੀਆਂ ਅਪੀਲਾਂ ਲਈ, ਅਸੀਂ ਢੁਕਵੀਂ ਜਾਣਕਾਰੀ ਦੇਣ ਲਈ ਕਿਸੇ ਵਰਕਰ ਨੂੰ ਸੱਦਾਂਗੇ
- ਕਿੱਤੇ ’ਤੇ ਸਿਹਤ ਅਤੇ ਸੁਰੱਖਿਆ (ਆਕੂਪੇਸ਼ਨਲ ਹੈਲਥ ਐਂਡ ਸੇਫਟੀ) ਨਾਲ ਸੰਬੰਧਿਤ ਉਲੰਘਣਾਵਾਂ ਲਈ ਜੁਰਮਾਨਿਆਂ ਨਾਲ ਸੰਬੰਧਿਤ ਅਪੀਲਾਂ ਵਿਚ ਢੁਕਵੀਂ ਜਾਣਕਾਰੀ ਦੇਣ ਲਈ,ਅਸੀਂ ਜੁਆਇੰਟ ਹੈਲਥ ਐਂਡ ਸੇਫਟੀ ਕਮੇਟੀ ਜਾਂ ਵਰਕਰ ਹੈਲਥ ਐਂਡ ਸੇਫਟੀ ਦੇ ਨੁਮਾਇੰਦੇ, ਅਤੇ ਇਨਸਪੈਕਸ਼ਨ ਰਿਪੋਰਟ ਵਿਚ ਦਿੱਤੇ ਗਏ ਵਰਕਰ ਦੇ ਨੁਮਾਇੰਦੇ ਨੂੰ ਸੱਦਾਂਗੇ
- ਕਿੱਤੇ ’ਤੇ ਸਿਹਤ ਅਤੇ ਸੁਰੱਖਿਆ (ਆਕੂਪੇਸ਼ਨਲ ਹੈਲਥ ਐਂਡ ਸੇਫਟੀ) ਅਤੇ ਅਸੈੱਸਮੈਂਟ ਨਾਲ ਸੰਬੰਧਿਤ ਅਪੀਲਾਂ ਵਿਚ, ਅਸੀਂ ਢੁਕਵੀਂ ਜਾਣਕਾਰੀ ਦੇਣ ਲਈ ਵਰਕਸੇਫ ਬੀ ਸੀ ਨੂੰ ਹਿੱਸਾ ਲੈਣ ਲਈ ਸੱਦ ਸਕਦੇ ਹਾਂ

## ਮੈਂ ਆਪਣੀ ਅਪੀਲ ਕਿਵੇਂ ਸ਼ੁਰੂ ਕਰਾਂ?

ਰਿਵੀਉ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਸਾਡੇ ਕੋਲ ਅਪੀਲ ਕਰਨ ਲਈ ਤੁਹਾਡੇ ਕੋਲ **30 ਦਿਨ** ਹਨ।

ਤੁਸੀਂ ਆਪਣੀ ਅਪੀਲ ਇਨ੍ਹਾਂ ਤਰੀਕਿਆਂ ਵਿੱਚੋਂ ਕਿਸੇ ਵੀ ਇਕ ਤਰੀਕੇ ਨਾਲ ਸ਼ੁਰੂ ਕਰ ਸਕਦੇ ਹੋ:

1. www.wcat.bc.ca ਵੈੱਬਸਾਈਟ 'ਤੇ *ਨੋਟਿਸ ਆਫ ਅਪੀਲ* (ਕੰਪਨਸੇਸ਼ਨ ਜਾਂ ਨੌਨ-ਕੰਪਨਸੇਸ਼ਨ) ਫਾਰਮ ਭਰੋ। ਤੁਹਾਨੂੰ ਇਹ ਫਾਰਮ ***ਫਾਰਮਜ਼, ਫਿਲ ਐਂਡ ਪ੍ਰਿੰਟ*** ਟੈਬ ਥੱਲੇ ਮਿਲਣਗੇ। ਜੇ ਤੁਸੀਂ ਸਾਡੀ ਅਪੀਲ ਦੀ ਕਾਰਵਾਈ ਬਾਰੇ ਵਾਕਫ ਨਹੀਂ ਹੋ ਤਾਂ ਇਹ ਫਾਰਮ ਸਾਰੀ ਲੋੜੀਂਦੀ ਜਾਣਕਾਰੀ ਕਾਮਯਾਬੀ ਨਾਲ ਭਰਨ ਵਿਚ ਤੁਹਾਡੀ ਮਦਦ ਕਰਨਗੇ। ਮੁਕੰਮਲ ਕੀਤੇ ਹੋਏ ਫਾਰਮ ਨੂੰ ਛਾਪੋ, ਇਸ 'ਤੇ ਦਸਤਖਤ ਕਰੋ, ਅਤੇ ਸਾਨੂੰ ਭੇਜੋ।

2. www.wcat.bc.ca ਵੈੱਬਸਾਈਟ ਤੋਂ ਖਾਲੀ *ਨੋਟਿਸ ਆਫ ਅਪੀਲ* (ਕੰਪਨਸੇਸ਼ਨ ਜਾਂ ਨੌਨ-ਕੰਪਨਸੇਸ਼ਨ) ਫਾਰਮ ਛਾਪੋ, ਇਸ ਨੂੰ ਭਰੋ, ਇਸ 'ਤੇ ਦਸਤਖਤ ਕਰੋ, ਅਤੇ ਸਾਨੂੰ ਭੇਜੋ। ਤੁਸੀਂ ਸਾਨੂੰ ਟੈਲੀਫੋਨ ਵੀ ਕਰ ਸਕਦੇ ਹੋ ਅਤੇ ਅਸੀਂ ਤੁਹਾਨੂੰ *ਨੋਟਿਸ ਆਫ ਅਪੀਲ* ਫਾਰਮ ਭੇਜ ਦੇਵਾਂਗੇ। ਆਪਣੀ ਅਪੀਲ ਨੂੰ ਸਰਗਰਮ ਰੱਖਣ ਲਈ, ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਤੁਹਾਡਾ ਭਰਿਆ ਹੋਇਆ ਫਾਰਮ **21 ਦਿਨਾਂ** ਦੇ ਵਿਚ ਵਿਚ ਮਿਲ ਜਾਵੇ।

3. ਸਾਨੂੰ ਇਹ ਦੱਸਦੀ ਹੋਈ ਇਕ ਚਿੱਠੀ ਭੇਜੋ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਪਹਿਲਾ ਫੈਸਲਾ ਗਲਤ ਹੈ। ਉਨ੍ਹਾਂ ਖਾਸ ਨਤੀਜਿਆਂ ਦਾ ਵਰਣਨ ਕਰੋ ਜਿਹੜੇ ਤੁਸੀਂ ਡਬਲਯੂ ਸੀ ਏ ਟੀ ਤੋਂ ਚਾਹੁੰਦੇ ਹੋ, ਜਿਵੇਂ ਕਿ ਜੁਰਮਾਨੇ ਦੀ ਰਕਮ। ਇਸ 'ਤੇ ਆਪਣਾ ਨਾਂ, ਐਡਰੈਸ, ਟੈਲੀਫੋਨ ਨੰਬਰ, ਕਲੇਮ ਨੰਬਰ ਜਾਂ ਵਰਕਸੇਫ ਬੀ ਸੀ ਫਾਇਲ ਨੰਬਰ, ਉਸ ਫੈਸਲੇ ਦੀ ਤਾਰੀਖ ਜਿਸ ਵਿਰੁੱਧ ਤੁਸੀਂ ਅਪੀਲ ਕਰ ਰਹੇ ਹੋ, ਲਿਖੋ ਅਤੇ ਆਪਣੇ ਦਸਤਖਤ ਕਰੋ।

ਜੇ ਤੁਹਾਡੇ ਕੋਲ ਰਿਵੀਉ ਡਿਵੀਜ਼ਨ ਦੇ ਫੈਸਲੇ ਦੀ ਕਾਪੀ ਹੋਵੇ ਤਾਂ ਕਿਰਪਾ ਕਰਕੇ ਇਸ ਦਾ ਪਹਿਲਾ ਸਫਾ *ਨੋਟਿਸ ਆਫ ਅਪੀਲ* ਜਾਂ ਚਿੱਠੀ ਨਾਲ ਭੇਜੋ।

ਤੁਸੀਂ ਸਾਡਾ ਟੈਲੀਫੋਨ ਨੰਬਰ, ਫੈਕਸ ਨੰਬਰ, ਅਤੇ ਡਾਕ ਲਈ ਐਡਰੈਸ ਇਸ ਗਾਈਡ ਦੇ ਅੰਤ ਵਿਚ ਦੇਖ ਸਕਦੇ ਹੋ।

***ਨੋਟ: ਤੁਹਾਨੂੰ ਆਪਣੀ ਅਪੀਲ ਤੋਂ ਪਹਿਲਾਂ ਆਪਣੀ ਸਾਰੀ ਜਾਣਕਾਰੀ ਅਤੇ ਸਬੂਤ ਦੇਣ ਦੀ ਲੋੜ ਨਹੀਂ ਹੈ। ਅਸੀਂ ਬਾਅਦ ਵਿਚ ਤੁਹਾਨੂੰ, ਲਿਖਤੀ ਜਾਂ ਜ਼ਬਾਨੀ ਰੂਪ ਵਿਚ ਹੋਰ ਜਾਣਕਾਰੀ ਅਤੇ ਸਬੂਤ ਦੇਣ ਲਈ ਕਹਿ ਕੇ ਆਪਣੀ ਅਪੀਲ ਨੂੰ ਮਜ਼ਬੂਤ ਕਰਨ ਦਾ ਮੌਕਾ ਦਿਆਂਗੇ।***

## ਜੇ ਵਰਕਰ ਅਤੇ ਮੈਂ ਇੱਕੋ ਹੀ ਫੈਸਲੇ ਨਾਲ ਅਸਹਿਮਤ ਹੋਈਏ ਪਰ ਹੋਈਏ ਵੱਖਰੇ ਮੁੱਦਿਆਂ ਕਰਕੇ ਤਾਂ ਕੀ ਹੋਵੇਗਾ?

ਰਿਵੀਉ ਡਿਵੀਜ਼ਨ ਦੇ ਫੈਸਲਿਆਂ ਵਿਚ ਅਕਸਰ ਕਈ ਮੁੱਦੇ ਸ਼ਾਮਲ ਹੁੰਦੇ ਹਨ। ਅਸੀਂ ਆਮ ਤੌਰ 'ਤੇ ਆਪਣਾ ਫੈਸਲਾ ਸਿਰਫ ਉਨ੍ਹਾਂ ਮੁੱਦਿਆਂ ਉੱਪਰ ਹੀ ਕਰਦੇ ਹਾਂ ਜਿਹੜੇ ਅਪੀਲਕਰਤਾ ਨੇ *ਨੋਟਿਸ ਆਫ ਅਪੀਲ* ਵਿਚ ਅਤੇ ਲਿਖਤੀ ਜਾਂ ਜ਼ਬਾਨੀ ਦਲੀਲਾਂ ਵਿਚ ਉਠਾਏ ਹੁੰਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਅਸੀਂ ਤੁਹਾਡੇ ਮੁੱਦੇ 'ਤੇ ਵਿਚਾਰ ਕਰੀਏ, ਤੁਹਾਨੂੰ ਆਪਣੀ ਖੁਦ ਦੀ ਅਪੀਲ (ਕਰੌਸ-ਅਪੀਲ) ਦਰਜ ਕਰਵਾਉਣੀ ਚਾਹੀਦੀ ਹੈ। ਜੇ ਵਰਕਰ ਬਾਅਦ ਵਿਚ ਆਪਣੀ ਅਪੀਲ ਤਿਆਗ ਦੇਵੇ (ਵਾਪਸ ਲੈ ਲਵੇ) ਅਤੇ ਤੁਸੀਂ ਆਪਣੀ ਅਪੀਲ ਦਰਜ ਨਾ ਕਰਵਾਈ ਹੋਈ ਹੋਵੇ ਤਾਂ ਤੁਹਾਨੂੰ ਹੋਰ ਟਾਈਮ ਮੰਗਣ ਲਈ ਅਪਲਾਈ ਕਰਨਾ ਪਵੇਗਾ, ਇਹ ਖਤਰਾ ਮੁੱਲ ਲੈਂਦੇ ਹੋਏ ਕਿ ਸ਼ਾਇਦ ਇਹ ਮਿਆਦ ਨਾ ਵਧਾਈ ਜਾਵੇ।

## ਮੇਰੇ ਵੱਲੋਂ ਆਪਣਾ ਅਪੀਲ ਫਾਰਮ ਜਾਂ ਚਿੱਠੀ ਭੇਜਣ ਤੋਂ ਬਾਅਦ ਕੀ ਹੁੰਦਾ ਹੈ?

ਅਸੀਂ ਤੁਹਾਨੂੰ ਇਕ ਚਿੱਠੀ ਭੇਜਾਂਗੇ ਜੋ ਇਹ ਤਸਦੀਕ ਕਰੇਗੀ ਕਿ ਸਾਨੂੰ ਤੁਹਾਡੀ ਅਪੀਲ ਮਿਲ ਗਈ ਹੈ ਅਤੇ ਅਸੀਂ ਇਸ ਵਿਚ ਤੁਹਾਨੂੰ ਅਪੀਲ ਨੰਬਰ ਦਿਆਂਗੇ। ਜੇ ਤੁਹਾਡਾ ਅਪੀਲ ਫਾਰਮ ਜਾਂ ਚਿੱਠੀ ਮੁਕੰਮਲ ਦਿਖਾਈ ਨਾ ਦੇਵੇ ਤਾਂ ਅਸੀਂ ਤੁਹਾਡੇ ਤੋਂ ਹੋਰ ਜਾਣਕਾਰੀ ਵੀ ਮੰਗ ਸਕਦੇ ਹਾਂ। ਆਪਣੀ ਅਪੀਲ ਨੂੰ ਸਰਗਰਮ ਰੱਖਣ ਲਈ, ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਸਾਡੇ ਵਲੋਂ ਮੰਗੀ ਗਈ ਸਾਰੀ ਜਾਣਕਾਰੀ ਤੁਸੀਂ ਸਾਨੂੰ **21 ਦਿਨਾਂ** ਦੇ ਵਿਚ ਵਿਚ ਦੇ ਦੇਵੋ।

ਆਪਣੀ ਅਪੀਲ ਭੇਜਣ ਦੀ ਤਾਰੀਖ ਤੋਂ ਬਾਅਦ ਜੇ 21 ਦਿਨਾਂ ਦੇ ਵਿਚ ਵਿਚ ਤੁਹਾਨੂੰ ਇਹ ਚਿੱਠੀ ਨਾ ਮਿਲੇ ਤਾਂ ਸਾਨੂੰ ਫੋਨ ਕਰੋ।

ਤੁਸੀਂ ਕਿਸ ਕਿਸਮ ਦੇ ਫੈਸਲੇ ਵਿਰੁੱਧ ਅਪੀਲ ਕਰ ਰਹੇ ਹੋ, ਉਸ ਮੁਤਾਬਕ ਅਸੀਂ ਢੁਕਵੇਂ ਉੱਤਰਦਾਇਕਾਂ, ਅਤੇ ਹੋਰ ਵਿਅਕਤੀਆਂ ਜਾਂ ਗਰੁੱਪਾਂ ਨੂੰ ਤੁਹਾਡੀ ਅਪੀਲ ਦੀ ਜਾਣਕਾਰੀ ਦਿਆਂਗੇ ਅਤੇ ਉਨ੍ਹਾਂ ਨੂੰ ਇਸ ਵਿਚ ਹਿੱਸਾ ਲੈਣ ਦਾ ਸੱਦਾ ਦਿਆਂਗੇ।

ਫਿਰ ਅਸੀਂ ਵਰਕਸੇਫ ਬੀ ਸੀ ਨੂੰ ਕਹਾਂਗੇ ਕਿ ਉਹ ਤੁਹਾਨੂੰ ਡਿਸਕਲੋਜ਼ਰ (ਵਰਕਸੇਫ ਬੀ ਸੀ ਫਾਇਲ ਦੀ ਤਾਜ਼ਾ ਕਾਪੀ) ਭੇਜਣ। ਜੇ ਕੋਈ ਉੱਤਰਦਾਇਕ ਤੁਹਾਡੀ ਅਪੀਲ ਵਿਚ ਹਿੱਸਾ ਲੈ ਰਿਹਾ ਹੋਵੇ ਤਾਂ ਵਰਕਸੇਫ ਬੀ ਸੀ ਉਨ੍ਹਾਂ ਨੂੰ ਵੀ ਡਿਸਕਲੋਜ਼ਰ ਭੇਜੇਗਾ।

ਤੁਹਾਨੂੰ ਹੁਣ ਆਪਣੀ ਜਾਣਕਾਰੀ ਅਤੇ ਸਬੂਤ ਇਕੱਠੇ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਇਹ ਲੈਣ ਲਈ ਕੁਝ ਸਮਾਂ ਲੱਗ ਸਕਦਾ ਹੈ, ਖਾਸ ਕਰਕੇ ਡਾਕਟਰੀ ਸਬੂਤ।

## ਜੇ ਮੇਰੀ ਅਪੀਲ ਜ਼ਿਆਦਾ ਲੇਟ ਹੋ ਜਾਵੇ ਤਾਂ ਕੀ ਹੋਵੇਗਾ?

ਜੇ ਤੁਹਾਡੀ ਅਪੀਲ ਲੇਟ ਹੋਵੇ ਤਾਂ ਤੁਸੀਂ ਵਾਧੂ ਟਾਈਮ ਲੈਣ ਲਈ ਅਰਜ਼ੀ ਕਰ ਸਕਦੇ ਹੋ। ਅਸੀਂ ਤੁਹਾਨੂੰ ਪੁੱਛਾਂਗੇ ਕਿ ਕੀ ਕੋਈ ਖਾਸ ਹਾਲਤਾਂ ਸਨ ਜਿਨ੍ਹਾਂ ਨੇ ਤੁਹਾਨੂੰ ਸਮੇਂ ਦੀ ਹੱਦ ਦੇ ਅੰਦਰ ਅਪੀਲ ਕਰਨ ਤੋਂ ਰੋਕਿਆ। ਤੁਸੀਂ ਮਿਆਦ ਵਿਚ ਵਾਧੇ ਲਈ ਪ੍ਰਵਾਨਯੋਗ ਕਾਰਨਾਂ ਬਾਰੇ ਜ਼ਿਆਦਾ ਸਾਡੇ ਵੈੱਬਸਾਈਟ 'ਤੇ ਪੜ੍ਹ ਸਕਦੇ ਹੋ। ਸਾਡੇ *ਮੈਨੂਅਲ ਆਫ ਰੂਲਜ਼ ਆਫ ਪ੍ਰੈਕਟਿਸ ਐਂਡ ਪ੍ਰੋਸੀਜ਼ਰ* ਵਿਚ ਆਈਟਮਾਂ 8.2 ਅਤੇ ਹੋਰ ਦੇਖੋ। ਤਹਾਨੂੰ ਇਹ ਸਾਡੇ ਵੈੱਬਸਾਈਟ (www.wcat.bc.ca ) 'ਤੇ ***ਐੱਮ ਆਰ ਪੀ ਪੀ*** ਟੈਬ ਅਧੀਨ ਮਿਲਣਗੀਆਂ।

ਜੇ ਤੁਹਾਨੂੰ ਮਿਆਦ ਵਿਚ ਵਾਧੇ ਦੀ ਲੋੜ ਹੈ ਤਾਂ ਕਿਰਪਾ ਕਰਕੇ *ਐਕਸਟੈਨਸ਼ਨ ਆਫ ਟਾਈਮ ਟੂ ਅਪੀਲ ਐਪਲੀਕੇਸ਼ਨ* ਫਾਰਮ 'ਤੇ ਜਾਂ ਆਪਣੀ ਅਪੀਲ ਦੀ ਚਿੱਠੀ ਵਿਚ, ਅਪੀਲ ਲੇਟ ਕਰਨ ਦੇ ਆਪਣੇ ਕਾਰਨ ਦੱਸੋ। ਜੇ ਤੁਸੀਂ ਸਾਨੂੰ ਆਪਣਾ ਸਪਸ਼ਟੀਕਰਨ ਨਹੀਂ ਦਿੰਦੇ ਤਾਂ ਅਸੀਂ ਤੁਹਾਨੂੰ *ਐਕਸਟੈਨਸ਼ਨ ਆਫ ਟਾਈਮ ਟੂ ਅਪੀਲ ਐਪਲੀਕੇਸ਼ਨ* ਫਾਰਮ ਡਾਕ ਰਾਹੀਂ ਭੇਜਾਂਗੇ। ਆਪਣੀ ਅਪੀਲ ਨੂੰ ਸਰਗਰਮ ਰੱਖਣ ਲਈ, ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਤੁਹਾਡਾ ਭਰਿਆ ਹੋਇਆ ਫਾਰਮ **21 ਦਿਨਾਂ** ਦੇ ਵਿਚ ਵਿਚ ਮਿਲ ਜਾਵੇ।

## ਮੇਰੀ ਅਪੀਲ 'ਤੇ ਕਾਰਵਾਈ ਕਿਵੇਂ ਹੋਵੇਗੀ?

ਤੁਸੀਂ ਆਪਣੀ ਅਪੀਲ ਜ਼ਬਾਨੀ ਤੌਰ 'ਤੇ (ਜ਼ਬਾਨੀ ਸੁਣਵਾਈ ਵਿਖੇ) ਜਾਂ ਲਿਖਤੀ ਤੌਰ 'ਤੇ (ਲਿਖਤੀ ਦਲੀਲਾਂ ਰਾਹੀਂ) ਕਰੋਗੇ। ਤੁਸੀਂ ਆਪਣੀ ਮਰਜ਼ੀ ਦੇ ਤਰੀਕੇ ਬਾਰੇ ਦੱਸ ਸਕਦੇ ਹੋ, ਭਾਵੇਂ ਕਿ ਆਖਰੀ ਫੈਸਲਾ ਅਸੀਂ ਕਰਨਾ ਹੈ।

ਆਮ ਤੌਰ 'ਤੇ, ਅਸੀਂ ਅਪੀਲਾਂ ਲਈ ਜ਼ਬਾਨੀ ਸੁਣਵਾਈਆਂ ਉਦੋਂ ਕਰਦੇ ਹਾਂ ਜਦੋਂ ਭਰੋਸੇਯੋਗਤਾ ਦਾ ਮਾਮਲਾ ਹੋਵੇ, ਜਦੋਂ ਸਬੂਤ ਆਪਾ ਵਿਰੋਧੀ ਹੋਣ ਜਾਂ ਜਦੋਂ ਵਾਈਸ ਚੇਅਰ ਇਹ ਸੋਚੇ ਕਿ ਇਸ ਨਾਲ ਅਪੀਲ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕੇਗਾ। ਜ਼ਬਾਨੀ ਸੁਣਵਾਈਆਂ ਉਦੋਂ ਵੀ ਕੀਤੀਆਂ ਜਾਂਦੀਆਂ ਹਨ ਜਦੋਂ ਅਪੀਲਕਰਤਾ ਲਈ ਲਿਖਤੀ ਅੰਗਰੇਜ਼ੀ ਵਿਚ ਸੌਖ ਨਾਲ ਗੱਲਬਾਤ ਕਰਨਾ ਚੁਣੌਤੀਆਂ ਭਰਪੂਰ ਹੁੰਦਾ ਹੈ।

ਅਪੀਲ ਦਾ ਦੂਸਰਾ ਤਰੀਕਾ ਲਿਖਤੀ ਦਲੀਲਾਂ ਦੇਣ ਵਾਲਾ ਹੈ। ਇਹ ਤਰੀਕਾ ਅਕਸਰ ਉਨ੍ਹਾਂ ਅਪੀਲਾਂ ਲਈ ਢੁਕਵਾਂ ਹੁੰਦਾ ਹੈ ਜਿਹੜੀਆਂ ਡਾਕਟਰੀ, ਕਾਨੂੰਨੀ ਜਾਂ ਨੀਤੀ ਨਾਲ ਸੰਬੰਧਿਤ ਮਸਲਿਆਂ ਦੇ ਸਬੰਧ ਵਿਚ ਹੁੰਦੀਆਂ ਹਨ।

ਜ਼ਬਾਨੀ ਅਤੇ ਲਿਖਤੀ ਦਲੀਲਾਂ ਵਾਲੀਆਂ ਅਪੀਲਾਂ ਬਾਰੇ ਜ਼ਿਆਦਾ ਜਾਣਨ ਲਈ, ਕਿਰਪਾ ਕਰਕੇ ਸਾਡੇ ਤੋਂ ਢੁਕਵੀਂ ਗਾਈਡ ਮੰਗੋ, ਜਾਂ ਸਾਡੇ ਵੈੱਬਸਾਈਟ 'ਤੇ ***ਰੀਸਰਚ ਲਾਇਬਰੇਰੀ*** ਟੈਬ ਥੱਲੇ ਦੇਖੋ।

## ਮੇਰੀ ਅਪੀਲ ਨੂੰ ਕਿੰਨਾ ਲੰਮਾ ਸਮਾਂ ਲੱਗੇਗਾ?

ਤੁਸੀਂ ਸਾਡੇ ਤੋਂ, ਵਰਕਸੇਫ ਬੀ ਸੀ ਵਲੋਂ ਤੁਹਾਨੂੰ ਡਿਸਕਲੋਜ਼ਰ ਦੇਣ ਦੀ ਤਾਰੀਖ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਆਪਣੀ ਅਪੀਲ ਦੇ ਫੈਸਲੇ ਦੀ ਆਸ ਰੱਖ ਸਕਦੇ ਹੋ। ਜੇ ਤੁਹਾਡੀ ਅਪੀਲ ਗੁੰਝਲਦਾਰ ਹੋਵੇ ਤਾਂ ਕਿਸੇ ਫੈਸਲੇ 'ਤੇ ਪਹੁੰਚਣ ਲਈ ਸਾਨੂੰ ਛੇ ਮਹੀਨਿਆਂ ਤੋਂ ਜ਼ਿਆਦਾ ਸਮਾਂ ਵੀ ਲੱਗ ਸਕਦਾ ਹੈ।

ਜੇ ਅਸੀਂ ਤੁਹਾਨੂੰ ਆਪਣੀ ਅਪੀਲ ਲਈ ਸਬੂਤ ਮੂੰਹ-ਜ਼ਬਾਨੀ ਦੇਣ ਲਈ ਕਹਿੰਦੇ ਹਾਂ ਤਾਂ ਅਸੀਂ ਤੁਹਾਨੂੰ ਜ਼ਬਾਨੀ ਸੁਣਵਾਈ ਲਈ ਇਕ ਖਾਸ ਸਮਾਂ ਅਤੇ ਤਾਰੀਖ ਦੇਵਾਂਗੇ। ਜੇ ਤੁਹਾਨੂੰ ਸਾਡੇ ਵਲੋਂ ਤਹਿ ਕੀਤੀ ਗਈ ਤਾਰੀਖ ਦੀ ਬਜਾਏ ਕਿਸੇ ਹੋਰ ਤਾਰੀਖ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਾਨੂੰ ਫੌਰਨ ਇਸ ਬਾਰੇ ਦੱਸੋ।

ਜੇ ਅਸੀਂ ਤੁਹਾਨੂੰ ਆਪਣੀ ਅਪੀਲ ਦੇ ਹੱਕ ਵਿਚ ਲਿਖਤੀ ਦਲੀਲਾਂ ਦੇਣ ਲਈ ਕਹਿੰਦੇ ਹਾਂ ਤਾਂ ਇਹ ਦਲੀਲਾਂ ਸਾਨੂੰ ਭੇਜਣ ਲਈ ਤੁਹਾਡੇ ਕੋਲ 21 ਦਿਨ ਹਨ। ਜੇ ਤੁਹਾਨੂੰ ਜ਼ਿਆਦਾ ਸਮੇਂ ਦੀ ਲੋੜ ਹੋਵੇ ਤਾਂ ਤੁਸੀਂ 45 ਦਿਨਾਂ ਤੱਕ ਦਾ ਹੋਰ ਸਮਾਂ ਮੰਗ ਸਕਦੇ ਹੋ। ਜੇ ਤੁਹਾਨੂੰ ਹੋਰ ਸਮਾਂ ਮਿਲ ਜਾਂਦਾ ਹੈ ਤਾਂ ਹਿੱਸਾ ਲੈ ਰਹੀ ਕਿਸੇ ਹੋਰ ਧਿਰ ਨੂੰ ਵੀ ਆਪਣੀਆਂ ਲਿਖਤੀ ਦਲੀਲਾਂ ਦੇਣ ਲਈ ਓਨਾ ਹੀ ਵਾਧੂ ਸਮਾਂ ਮਿਲ

ਸਕਦਾ ਹੈ। ਡਬਲਯੂ ਸੀ ਏ ਟੀ ਉੱਤਰਦਾਇਕ ਨੂੰ ਵਾਧੂ ਸਮਾਂ ਸਿਰਫ ਤਾਂ ਹੀ ਦੇਵੇਗਾ ਜੇ ਡਬਲਯੂ ਸੀ ਏ ਟੀ ਨੇ ਅਪੀਲਕਰਤਾ ਨੂੰ ਵਾਧੂ ਸਮਾਂ ਦਿੱਤਾ ਸੀ।

## ਕੀ ਮੈਂ ਆਪਣੀ ਅਪੀਲ 'ਤੇ ਕਾਰਵਾਈ ਰੁਕਵਾ ਸਕਦਾ/ਸਕਦੀ ਹਾਂ?

ਤੁਸੀਂ ਸਾਨੂੰ ਆਪਣੀ ਅਪੀਲ ਰੁਕਵਾਉਣ (ਆਪਣੀ ਅਪੀਲ ਮੁਅੱਤਲ ਕਰਨ) ਲਈ ਕਹਿ ਸਕਦੇ ਹੋ ਜੇ ਇਸ ਨਾਲ ਸੰਬੰਧਿਤ ਕੋਈ ਮਾਮਲਾ ਅਜੇ ਵੀ ਵਰਕਸੇਫ ਬੀ ਸੀ ਕੋਲ ਹੈ, ਜਿਸ ਵਿਚ ਰਿਵੀਉ ਡਿਵੀਜ਼ਨ ਵੀ ਸ਼ਾਮਲ ਹੈ। ਆਪਣੀ ਅਪੀਲ ਨੂੰ ਰੋਕਣ ਦੀ ਬੇਨਤੀ ਲਿਖਤੀ ਰੂਪ ਵਿਚ ਕਰੋ ਅਤੇ ਅਸੀਂ ਤੁਹਾਨੂੰ ਆਪਣੇ ਫੈਸਲੇ ਦੀ ਜਾਣਕਾਰੀ ਦੇਵਾਂਗੇ। ਤੁਸੀਂ ਬਾਅਦ ਵਿਚ, ਸੰਬੰਧਿਤ ਮਾਮਲੇ 'ਤੇ ਵਰਕਸੇਫ ਬੀ ਸੀ ਦੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਵੀ ਆਪਣੀ ਅਪੀਲ ਜਾਰੀ ਰੱਖਣ ਲਈ ਕਹਿ ਸਕਦੇ ਹੋ।

ਜੇ ਤੁਹਾਡੀ ਅਪੀਲ, ਸੰਬੰਧਿਤ ਮਾਮਲੇ ਬਾਰੇ ਵਰਕਸੇਫ ਬੀ ਸੀ ਵਲੋਂ ਆਪਣਾ ਫੈਸਲਾ ਭੇਜਣ ਤੋਂ ਬਾਅਦ ਅਜੇ ਵੀ ਰੁਕੀ ਹੋਈ ਹੈ ਤਾਂ ਇਹ ਯਕੀਨੀ ਬਣਾਉ ਕਿ ਤੁਸੀਂ **30 ਦਿਨਾਂ** ਦੇ ਵਿਚ ਵਿਚ ਆਪਣੀ ਅਪੀਲ ਜਾਰੀ ਰੱਖਣ ਲਈ ਕਹਿ ਦਿੱਤਾ ਹੈ। ਨਹੀਂ ਤਾਂ ਅਸੀਂ ਇਹ ਸਮਝਾਂਗੇ ਕਿ ਤੁਸੀਂ ਨਤੀਜੇ ਤੋਂ ਸੰਤੁਸ਼ਟ ਹੋ ਅਤੇ ਤੁਹਾਡੀ ਅਪੀਲ ਬੰਦ ਕਰ ਦਿਆਂਗੇ।

## ਕੀ ਮੈਨੂੰ ਆਪਣੀ ਨੁਮਾਇੰਦਗੀ ਲਈ ਕਿਸੇ ਦੀ ਲੋੜ ਹੈ?

ਬੇਸ਼ੱਕ ਤੁਸੀਂ ਆਪਣੇ ਆਪ ਅਪੀਲ ਕਰ ਸਕਦੇ ਹੋ, ਪਰ ਹੋ ਸਕਦਾ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਮਦਦ ਵੀ ਲੈਣਾ ਚਾਹੁੰਦੇ ਹੋਵੋ ਜਿਹੜਾ ਵਰਕਰਜ਼' ਕੰਪਨਸੇਸ਼ਨ ਸਿਸਟਮ ਤੋਂ ਜਾਣੂ ਹੈ, ਜਿਵੇਂ ਕਿ ਕੋਈ ਵਕੀਲ, ਕੰਪਨਸੇਸ਼ਨ ਕਨਸਲਟੈਂਟ, ਜਾਂ ਇਮਪਲੌਏਅਰਜ਼' ਐਸੋਸੀਏਸ਼ਨ।

ਤੁਸੀਂ ਆਪਣੀ ਅਪੀਲ ਬਾਰੇ ਇਮਪਲੌਏਅਰਜ਼' ਐਡਵਾਈਜ਼ਰ (ਸਲਾਹਕਾਰ) ਤੋਂ ਵੀ ਮੁਫਤ ਮਦਦ ਲੈ ਸਕਦੇ ਹੋ (ਸੰਪਰਕ ਕਰਨ ਬਾਰੇ ਜਾਣਕਾਰੀ ਲਈ ਇਸ ਗਾਈਡ ਦਾ ਅਖੀਰ ਦੇਖੋ)।

ਤੁਹਾਡੀ ਭੇਤਦਾਰੀ ਦੀ ਹਿਫਾਜ਼ਤ ਲਈ, ਅਸੀਂ ਤੁਹਾਡੀ ਅਪੀਲ ਬਾਰੇ ਤੁਹਾਡੇ ਤੋਂ ਬਿਨਾਂ ਉਦੋਂ ਤੱਕ ਕਿਸੇ ਹੋਰ ਨਾਲ ਗੱਲਬਾਤ ਨਹੀਂ ਕਰਾਂਗੇ ਜਦ ਤੱਕ ਤੁਸੀਂ ਕਿਸੇ ਨੁਮਾਇੰਦੇ ਨੂੰ *ਨੋਟਿਸ ਆਫ ਅਪੀਲ* ਫਾਰਮ ਉੱਪਰ ਆਪਣੇ ਨੁਮਾਇੰਦੇ ਵਜੋਂ ਨਹੀਂ ਦਰਜ ਕਰਦੇ। ਤੁਸੀਂ *ਆਥੋਰਾਈਜ਼ੇਸ਼ਨ ਆਫ ਰੈਪਰੇਜ਼ਿਨਟੇਟਿਵ* ਫਾਰਮ ਵੀ ਦਰਜ ਕਰਵਾ ਸਕਦੇ ਹੋ ਜਿਹੜਾ ਅਜਿਹਾ ਕਰਨ ਦੀ ਸਾਨੂੰ ਆਗਿਆ ਦਿੰਦਾ ਹੈ। ਤੁਸੀਂ ਦੋਨੋਂ ਫਾਰਮ ਸਾਡੇ ਵੈੱਬਸਾਈਟ 'ਤੇ ***ਫਾਰਮਜ਼*** ਟੈਬ ਅਧੀਨ ਦੇਖ ਸਕਦੇ ਹੋ।

## ਮੈਂ ਆਪਣੀ ਅਪੀਲ ਨੂੰ ਤੇਜ਼ ਕਿਵੇਂ ਕਰ ਸਕਦਾ/ਸਕਦੀ ਹਾਂ?

ਡਬਲਯੂ ਸੀ ਏ ਟੀ ਨੂੰ ਹਰ ਸਾਲ ਹਜ਼ਾਰਾਂ ਅਪੀਲਾਂ ਮਿਲਦੀਆਂ ਹਨ। ਤੁਹਾਡੀ ਅਪੀਲ 'ਤੇ ਕਾਰਵਾਈ ਜ਼ਿਆਦਾ ਤੇਜ਼ੀ ਨਾਲ ਹੋਵੇਗੀ ਜੇ ਤੁਸੀਂ:

- ਡਬਲਯੂ ਸੀ ਏ ਟੀ ਨੂੰ ਭੇਜੀ ਜਾਣ ਵਾਲੀ ਹਰ ਚੀਜ਼ ਉੱਪਰ ਆਪਣਾ ਵਰਕਸੇਫ ਬੀ ਸੀ ਫਾਇਲ ਨੰਬਰ ਅਤੇ ਆਪਣਾ ਡਬਲਯੂ ਸੀ ਏ ਟੀ ਅਪੀਲ ਨੰਬਰ ਲਿਖਦੇ ਹੋ।
- ਆਪਣਾ ਜਾਂ ਆਪਣੇ ਨੁਮਾਇੰਦੇ ਦਾ ਐਡਰੈਸ ਬਦਲਣ 'ਤੇ ਸਾਨੂੰ ਇਸ ਬਾਰੇ ਲਿਖਦੇ ਹੋ।
- ਆਪਣੀ ਅਪੀਲ ਦੇ ਹੱਕ ਵਿਚ ਨਵੇਂ ਸਬੂਤ ਛੇਤੀ ਤੋਂ ਛੇਤੀ ਭੇਜਦੇ ਹੋ।
- ਆਪਣੀ ਅਪੀਲ ਬਾਰੇ ਸਾਡੇ ਕਿਸੇ ਵੀ ਸਵਾਲ ਦਾ ਜਵਾਬ ਛੇਤੀ ਤੋਂ ਛੇਤੀ ਦਿੰਦੇ ਹੋ।
- ਮਿੱਥੀ ਤਾਰੀਖ ਨੂੰ ਆਪਣੀ ਜ਼ਬਾਨੀ ਸੁਣਵਾਈ 'ਤੇ ਆਉਂਦੇ ਹੋ, ਜਾਂ ਸਾਡੇ ਵਲੋਂ ਦਿੱਤੀ ਗਈ ਅੰਤਿਮ ਤਾਰੀਖ ਤੱਕ ਆਪਣੀਆਂ ਲਿਖਤੀ ਦਲੀਲਾਂ ਸਾਨੂੰ ਭੇਜਦੇ ਹੋ।

## ਸਟੇਅ ਕੀ ਹੈ, ਮੈਂ ਕਿਉਂ ਚਾਹ ਸਕਦਾ/ਸਕਦੀ ਹਾਂ ਅਤੇ ਮੈਨੂੰ ਕਿਵੇਂ ਮਿਲ ਸਕਦਾ ਹੈ?

ਜਦੋਂ ਅਸੀਂ ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਨੂੰ ਲਾਗੂ ਕਰਨ ਵਿਚ ਦੇਰੀ ਕਰਨ ਦਾ ਆਰਡਰ ਕਰਦੇ ਹਾਂ (ਐਕਟ ਦਾ ਸੈਕਸ਼ਨ 244) ਤਾਂ ਉਹ ਸਟੇਅ ਹੁੰਦਾ ਹੈ। ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਨਾਲ ਉਸ ਫੈਸਲੇ ਨੂੰ ਲਾਗੂ ਕਰਨ ਵਿਚ ਆਪਣੇ ਆਪ ਹੀ ਦੇਰੀ ਨਹੀਂ ਹੋ ਜਾਂਦੀ। ਸਟੇਅ ਇਕ ਖਾਸਾ ਉਪਰਾਲਾ ਹੈ।

ਤੁਸੀਂ ਕਿਸੇ ਅਜਿਹੇ ਫੈਸਲੇ 'ਤੇ ਸਟੇਅ ਮੰਗ ਸਕਦੇ ਹੋ ਜਿਹੜਾ ਤੁਹਾਡੀ ਫਰਮ ਤੋਂ ਜੁਰਮਾਨੇ ਦੀ ਮੰਗ ਕਰਦਾ ਹੈ। ਜੇ ਅਸੀਂ ਸਟੇਅ ਦੀ ਪ੍ਰਵਾਨਗੀ ਦੇ ਦਿੰਦੇ ਹਾਂ ਤਾਂ ਤੁਹਾਡੀ ਅਪੀਲ 'ਤੇ ਵਿਚਾਰ ਕਰਨ ਦੌਰਾਨ ਤੁਹਾਨੂੰ ਜੁਰਮਾਨਾ ਦੇਣ ਦੀ ਲੋੜ ਨਹੀਂ ਪਵੇਗੀ। ਤੁਸੀਂ ਸਟੇਅ ਲਈ *ਸਟੇਅ ਐਪਲੀਕੇਸ਼ਨ* ਫਾਰਮ 'ਤੇ ਅਪਲਾਈ ਕਰ ਸਕਦੇ ਹੋ। ਇਹ

ਤੁਹਾਨੂੰ ਸਾਡੇ ਵੈੱਬਸਾਈਟ ’ਤੇ ***ਫਾਰਮਜ਼*** ਟੈਬ ਅਧੀਨ ਮਿਲੇਗਾ।

ਅਸੀਂ ਤੁਹਾਡੀ ਸਟੇਅ ਦੀ ਅਰਜ਼ੀ ’ਤੇ ਅੱਗੇ ਲਿਖੇ ਪੱਖਾਂ ਤੋਂ ਵਿਚਾਰ ਕਰਾਂਗੇ:

- ਕੀ ਤੁਹਾਡੀ ਅਪੀਲ ਇਹ ਦਿਖਾਉਂਦੀ ਹੈ ਕਿ ਇਹ ਸਟੇਅ ਦੀ ਹੱਕਦਾਰ ਹੈ
- ਜੇ ਸਟੇਅ ਨਾ ਦਿੱਤਾ ਗਿਆ ਤਾਂ ਕੀ ਤੁਹਾਨੂੰ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੋਵੇਗੀ (ਜਿਵੇਂ ਕਿ ਕਾਰੋਬਾਰ ਦਾ ਨੁਕਸਾਨ)
- ਜੇ ਸਟੇਅ ਦਿੱਤਾ ਗਿਆ ਜਾਂ ਸਟੇਅ ਦੇਣ ਤੋਂ ਨਾਂਹ ਕੀਤੀ ਗਈ ਤਾਂ ਕਿਸ ਧਿਰ ਨੂੰ ਜ਼ਿਆਦਾ ਨੁਕਸਾਨ ਹੋਵੇਗਾ
- ਕੀ ਸਟੇਅ ਦੇਣ ਨਾਲ ਵਰਕਰ ਖਤਰੇ ਵਿਚ ਪੈਣਗੇ

ਜੇ ਤੁਹਾਡੀ ਅਪੀਲ ਲੇਟ ਹੋਵੇ ਜਾਂ ਇਸ ਵਿਚ ਮਹੱਤਵਪੂਰਨ ਜਾਣਕਾਰੀ ਨਾ ਦਿੱਤੀ ਗਈ ਹੋਵੇ, ਜਾਂ ਤੁਸੀਂ ਉਪਰ ਲਿਖੇ ਪੱਖਾਂ ਬਾਰੇ ਆਪਣੀਆਂ ਲਿਖਤੀ ਦਲੀਲਾਂ, ਆਪਣੀ ਸਟੇਅ ਦੀ ਅਰਜ਼ੀ ਨਾਲ ਜਾਂ ਸਾਨੂੰ ਤੁਹਾਡਾ *ਨੋਟਿਸ ਆਫ ਅਪੀਲ* ਫਾਰਮ ਮਿਲਣ ਤੋਂ ਬਾਅਦ ਸੱਤ ਦਿਨਾਂ ਦੇ ਵਿਚ ਵਿਚ ਸਾਨੂੰ ਨਾ ਭੇਜੇ ਹੋਣ ਤਾਂ ਅਸੀਂ ਤੁਹਾਡੀ ਸਟੇਅ ਦੀ ਅਰਜ਼ੀ ’ਤੇ ਕਾਰਵਾਈ ਨਹੀਂ ਕਰਾਂਗੇ।

## ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਹਾਨੂੰ ਅਪੀਲ ਸ਼ੁਰੂ ਕਰਨ ਬਾਰੇ ਜ਼ਿਆਦਾ ਜਾਣਕਾਰੀ, ਜਿਸ ਵਿਚ *ਨੋਟਿਸ ਆਫ ਅਪੀਲ* ਫਾਰਮ ਵੀ ਸ਼ਾਮਲ ਹੈ, ਸਾਡੇ ਵੈੱਬਸਾਈਟ (www.wcat.bc.ca) ’ਤੇ ***ਸਟਾਰਟਿੰਗ ਐਨ ਅਪੀਲ*** ਟੈਬ ਅਧੀਨ ਮਿਲੇਗੀ।

ਵਰਕਸੇਫ ਬੀ ਸੀ ਕਲੇਮ ਜਾਂ ਰਿਵੀਊ ਡਿਵੀਜ਼ਨ ਵਿਖੇ ਕਿਸੇ ਰਿਵੀਊ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

**ਵਰਕਸੇਫ ਬੀ ਸੀ:** 1 888 967-5377
**ਰਿਵੀਊ ਡਿਵੀਜ਼ਨ:** 1 888 922-8804

## ਮੈਨੂੰ ਆਪਣੀ ਅਪੀਲ ਦੇ ਸੰਬੰਧ ਵਿਚ ਮਦਦ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਿਚਲੇ ਕਿਸੇ ਇਮਪਲੌਏਅਰਜ਼’ ਐਡਵਾਈਜ਼ਰ ਤੋਂ ਆਪਣੀ ਅਪੀਲ ਦੇ ਸੰਬੰਧ ਵਿਚ ਮੁਫਤ ਮਦਦ ਲੈ ਸਕਦੇ ਹੋ:

### ਇਮਪਲੌਏਅਰਜ਼’ ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/eao

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
207 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5492
*ਫੈਕਸ:* 604 870-5498
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 870-5492

**ਰਿਚਮੰਡ**
620 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0303
*ਫੈਕਸ:* 604 713-0345
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 800 925-2233

### ਵੈਨਕੂਵਰ ਆਈਲੈਂਡ ਦਾ ਇਲਾਕਾ

**ਨਨਾਇਮੋ**
404 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5500
*ਫੈਕਸ:* 250 741-5508
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 827-2277

**ਵਿਕਟੋਰੀਆ**
400 - 3960 Quadra Street
Quadra Centre
Victoria, BC V8X 4A8
*ਟੈਲੀਫੋਨ:* 250 952-4821
*ਫੈਕਸ:* 250 952-4822
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ: 1800 663-8783*

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
101 - 70 Second Avenue
Kamloops, BC V2C 6W2
*ਟੈਲੀਫੋਨ:* 250 828-4397
*ਫੈਕਸ:* 250 828-4563
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 301-6688

**ਕਲੋਨਾ**
102 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2050
*ਫੈਕਸ:* 250 717-2051
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 855-7575

**ਪ੍ਰਿੰਸ ਜੌਰਜ**
206 - 1577 7th Avenue
Prince George, BC V2L 3P5
*ਟੈਲੀਫੋਨ:* 250 565-4285
*ਫੈਕਸ:* 250 565-4288
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 888 608-8882

**ਟਰੇਲ**
1050 Eldorado Street
Trail, BC V1R 3V7
*ਟੈਲੀਫੋਨ:* 250 364-0730
*ਫੈਕਸ:* 250 364-0731
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 877 877-5524

## ਡਬਲਯੂ ਸੀ ਏ ਟੀ ਦੀਆਂ ਜਾਣਕਾਰੀ ਦੇਣ ਵਾਲੀਆਂ ਗਾਈਡਾਂ

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਵਰਕਰ ਦੀ ਗਾਈਡ*

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਇਮਪਲੌਏਅਰ ਦੀ ਗਾਈਡ*

*ਉੱਤਰਦਾਇਕ ਦੀ ਗਾਈਡ*

*ਜ਼ਬਾਨੀ ਸੁਣਵਾਈ ਬਾਰੇ ਗਾਈਡ*

*ਲਿਖਤੀ ਦਲੀਲਾਂ ਦੇਣ ਬਾਰੇ ਗਾਈਡ*

*ਡਾਕਟਰੀ ਸਬੂਤਾਂ ਬਾਰੇ ਗਾਈਡ*

*ਫੈਸਲੇ ਤੋਂ ਬਾਅਦ ਲਈ ਗਾਈਡ*

* ਇਹ ਗਾਈਡਾਂ ਸਾਡੇ ਵੈੱਬਸਾਈਟ ’ਤੇ ਪੰਜਾਬੀ, ਚਾਇਨੀਜ਼ (ਟ੍ਰਾਡੀਸ਼ਨਲ) ਅਤੇ ਚਾਇਨੀਜ਼ (ਸਿੰਪਲੀਫਾਇਡ) ਵਿਚ ਵੀ ਮਿਲਦੀਆਂ ਹਨ।

## ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਚਿੱਠੀ-ਪੱਤਰ ਲਈ ਐਡਰੈਸ:
Workers’ Compensation Appeal Tribunal
150 – 4600 Jacombs Road
Richmond, BC V6V 3B1

ਟੈਲੀਫੋਨ: 604 664-7800
ਫੈਕਸ: 604 664-7898
ਬੀ ਸੀ ਵਿਚ ਟੋਲ ਫ੍ਰੀ: 1 800 663-2782

ਵੈੱਬਸਾਈਟ: www.wcat.bc.ca

ਜੇ ਤੁਹਾਡੇ ਕੋਲ ਸਮਾਰਟ ਫੋਨ ਹੈ ਤਾਂ ਸਾਡੇ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਇਹ ਕੋਡ ਸਕੈਨ ਕਰੋ।

WCAT Workers’ Compensation Appeal Tribunal